# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 03 ਮਈ 2024 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕ੍ਰਿਕੇਟ ਸੇਵਾਵਾਂ ਸ਼ੁਰੂ ਕਰਨ ਲਈ ਪਿਕਸ ਸੋਸਾਇਟੀ ਅਤੇ ਐਲਐਮਐਸ ਕੈਨੇਡਾ ਬਣੇ ਆਪਸੀ ਸਾਂਝੇਦਾਰ

### 2024 ਲਈ ਨਿਰਧਾਰਤ ਪ੍ਰੋਗਰਾਮਾਂ ਦੀ ਸੂਚੀ ਜਾਰੀ ਕੀਤੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 3 ਮਈ : ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ (ਪਿਕਸ) ਸੋਸਾਇਟੀ ਨੇ ਬੀਤੇ ਦਿਨੀਂ ਲਾਸਟ ਮੈਨ ਸਟੈਂਡਸ ਕੈਨੇਡਾ DEI ਫਾਊਂਡੇਸ਼ਨ (LMS ਕੈਨੇਡਾ) ਨਾਲ ਇੱਕ ਇਤਿਹਾਸਕ ਸਾਂਝੇਦਾਰੀ ਉਪਰ ਦਸਤਖਤ ਕੀਤੇ ਹਨ ਜਿਸ ਤਹਿਤ ਨਵੇਂ ਆਏ ਖਿਡਾਰੀਆਂ, ਨੌਜਵਾਨਾਂ,ਬਜ਼ੁਰਗਾਂ, ਔਰਤਾਂ ਅਤੇ ਪਿਕਸ ਦੇ ਸਾਰੇ ਹਿੱਸੇਦਾਰਾਂ ਲਈ ਖੇਡਾਂ, ਵਿਸ਼ੇਸ਼ ਕਰਕੇ ਕ੍ਰਿਕਟ ਨਾਲ ਸਬੰਧਤ ਸੇਵਾਵਾਂ ਨੂੰ ਪ੍ਰਫੁੱਲਤ ਕਰਨਾ ਹੈ।




ਇਸ ਸੰਬੰਧ ਵਿਚ ਕਰਵਾਏ ਗਏ ਸਮਾਗਮ ਵਿੱਚ ਪਿਕਸ ਦੇ ਭਾਸ਼ਾ, ਨਿਪਟਾਰਾ ਅਤੇ ਸਮਾਜਿਕ ਪ੍ਰੋਗਰਾਮਾਂ ਦੇ ਸੀਨੀਅਰ ਨਿਰਦੇਸ਼ਕ ਦਵਿੰਦਰ ਚੱਠਾ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ ਅਤੇ ਨਵੇਂ ਆਏ ਵਿਦਿਆਰਥੀਆਂ, ਖਾਸ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ‘ਤੇ ਧਿਆਨ ਕੇਂਦਰਿਤ ਕਰਨ ਦੀ ਮਹੱਤਤਾ ‘ਤੇ ਜ਼ੋਰ ਦਿੱਤਾ। ਦਵਿੰਦਰ ਚੱਠਾ ਨੇ ਕਿਹਾ ਕਿ ਨਵੇਂ ਆਏ ਵਿਦਿਆਰਥੀਆਂ, ਵਿਸ਼ੇਸ਼ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਭਲਾਈ ਨੂੰ ਤਰਜੀਹ ਦੇਣਾ ਮਹੱਤਵਪੂਰਨ ਹੈ। ਐਲਐਮਐਸ ਕੈਨੇਡਾ ਨਾਲ ਇਹ ਭਾਈਵਾਲੀ ਪਿਕਸ ਦੇ ਸਾਰੇ ਹਿੱਸੇਦਾਰਾਂ ਲਈ ਵਿਸ਼ੇਸ਼ ਅਨੁਭਵ ਕਰਵਾਏਗੀ।

ਪਿਕਸ ਦੇ ਪ੍ਰਧਾਨ ਅਤੇ ਸੀ.ਈ.ਓ. ਸਤਬੀਰ ਸਿੰਘ ਚੀਮਾ ਨੇ ਕਿਹਾ ਹੈ ਕਿ ਇਹ ਸਾਂਝੇਦਾਰੀ ਕੈਨੇਡਾ ਵਿੱਚ ਨਵੇਂ ਆਏ ਲੋਕਾਂ ਨੂੰ ਵਿਆਪਕ ਸਹਾਇਤਾ ਪ੍ਰਦਾਨ ਕਰਨ ਲਈ ਇਕ ਮਹੱਤਵਪੂਰਨ ਕਦਮ ਹੈ ਜਿਸ ਨਾਲ ਨਵੇਂ ਖਿਡਾਰੀਆਂ ਲਈ ਕੀਮਤੀ ਮੌਕੇ ਮਿਲਣਗੇ ਅਤੇ ਇਹ ਸਾਂਝੇਦਾਰੀ ਨਵੇਂ ਆਉਣ ਵਾਲਿਆਂ ਦੀ ਯਾਤਰਾ ਦਾ ਸਮਰਥਨ ਕਰਨ ਲਈ ਪਿਕਸ ਦੀ ਵਚਨਬੱਧਤਾ ਦਾ ਪ੍ਰਮਾਣ ਵੀ ਹੈ।

ਐਲਐਮਐਸ ਕੈਨੇਡਾ ਦੇ ਡਾਇਰੈਕਟਰ ਅਤੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਲੈਕਚਰਾਰ ਡਾ. ਇਮਰੁਲ ਹਸਨ ਨੇ ਸਾਂਝੇਦਾਰੀ ਬਾਰੇ ਆਪਣੀ ਉਮੀਦ ਜ਼ਾਹਰ ਕਰਦਿਆਂ ਕਿਹਾ ਕਿ ਇਸ ਸਹਿਯੋਗ ਰਾਹੀਂ, ਅਸੀਂ ਨਵੇਂ ਪ੍ਰੋਗਰਾਮਾਂ ਦੁਆਰਾ ਅਫਗਾਨ ਸ਼ਰਨਾਰਥੀਆਂ ਸਮੇਤ ਨਵੇਂ ਆਉਣ ਵਾਲਿਆਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸਾਡਾ ਟੀਚਾ LMS ਕੈਨੇਡੀਅਨ ਯੂਨੀਵਰਸਿਟੀ ਕ੍ਰਿਕੇਟ ਲੀਗ ਲਈ ਸਪਾਂਸਰਸ਼ਿਪ ਅਤੇ ਫੰਡਿੰਗ ਦੁਆਰਾ ਅੰਤਰਰਾਸ਼ਟਰੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਸਹਾਇਤਾ ਨੂੰ ਦੁੱਗਣਾ ਕਰਨਾ ਹੈ।

ਇਸ ਮੌਕੇ ਐਲਐਮਐਸ ਕੈਨੇਡਾ ਅਤੇ ਪਿਕਸ ਨੇ ਕੈਨੇਡਾ ਵਿੱਚ ਨਵੇਂ ਆਏ ਲੋਕਾਂ ਨੂੰ ਕੈਨੇਡੀਅਨ ਟਾਇਰ ਦੁਆਰਾ ਸਪਾਂਸਰ ਕੀਤੇ ਬਾਕਸ ਵੰਡੇ।

## ਇਟਲੀ ਵਿਖੇ ਮਿਸ ਅਤੇ ਮਿਸੇਜ ਪੰਜਾਬਣ ਯੂਰਪ ਦਾ ਗਰੈਂਡ ਫਾਈਨਲ ਸੰਪੰਨ

### ਮਿਸੇਜ ਪੰਜਾਬਣ ਯੂਰਪ ਦਾ ਤਾਜ ਪਵਨਦੀਪ ਕੌਰ ਅਤੇ ਵੰਦਨਾ ਸ਼ਰਮਾ ਸਿਰ ਸਜਿਆ

### ਬੈਲਜੀਅਮ ਬਣੀ ਮਿਸ ਪੰਜਾਬਣ ਯੂਰਪ 2024 ਬਣੀ ਹਰਪ੍ਰੀਤ ਕੌਰ

ਵਰਲਡ ਪੰਜਾਬੀ ਟਾਈਮਜ਼ ਨਵਜੋਤ ਢੀਂਡਸਾ



ਮਿਲਾਨ, 3 ਮਈ : ਡਿਜੀਟਲ ਮੀਡੀਆ ਹਾਊਸ ਵਲੋਂ ਮਿਸ ਅਤੇ ਮਿਸੇਜ ਪੰਜਾਬਣ ਯੂਰਪ ਦਾ ਗਰੈਂਡ ਫਾਈਨਲ ਇਟਲੀ ਦੇ ਕਿੰਗ ਪੈਲੇਸ , ਕਰੇਮੋਨਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਯੂਰਪ ਅਤੇ ਇੰਗਲੈਂਡ ਦੇ ਵੱਖ ਵੱਖ ਦੇਸ਼ਾਂ ਤੋਂ ਚੁਣ ਕੇ ਆਈਆਂ 24 ਪੰਜਾਬਣਾਂ ਨੇ ਭਾਗ ਲਿਆ। ਇਸ ਮੁਕਾਬਲੇ ਉਪਰੰਤ ਮੁੱਖ ਪ੍ਰਬੰਧਕ ਰਣਜੀਤ ਸਿੰਘ ਧਾਲੀਵਾਲ ਨੇ ਪ੍ਰੈਸ ਨੂੰ ਭੇਜੇ ਬਿਆਨ ਵਿੱਚ ਦੱਸਿਆ ਕਿ ਇਸ ਮੁਕਾਬਲੇ ਵਿੱਚੋਂ ਮਿਸ ਪੰਜਾਬਣ ਯੂਰਪ 2024 ਲਈ ਬੈਲਜੀਅਮ ਦੀ ਹਰਪ੍ਰੀਤ ਕੌਰ ਜੇਤੂ ਰਹੀ , ਅਸਟਰੀਆ ਦੀ ਕਿਰਨ ਬਨਵੈਤ ਨੇ ਦੂਜਾ ਜਦਕਿ ਅਮਨਪ੍ਰੀਤ ਕੌਰ ਸਪੇਨ ਅਤੇ ਕੋਮਲਪ੍ਰੀਤ ਕੌਰ ਇਟਲੀ ਨੂੰ ਸਾਂਝੇ ਤੌਰ ਤੇ ਤੀਜਾ ਸਥਾਨ ਦਿੱਤਾ ਗਿਆ। ਇਸੇ ਤਰਾਂ ਮਿਸੇਜ ਪੰਜਾਬਣ ਯੂਰਪ 2024 ਲਈ ਪਵਨਦੀਪ ਕੌਰ ਯੂ ਕੇ ਅਤੇ ਵੰਦਨਾ ਸ਼ਰਮਾ ਅਸਟਰੀਆ ਨੂੰ ਸਾਂਝੇ ਤੌਰ ਤੇ ਜੇਤੂ ਐਲਾਨਿਆ ਗਿਆ, ਜਦਕਿ ਸਰਪ੍ਰੀਤ ਕੌਰ ਬੈਲਜੀਅਮ ਨੇ ਦੂਜਾ ਅਤੇ ਮੋਹਨਦੀਪ ਕੌਰ ਇਟਲੀ ਨੇ ਤੀਸਰਾ ਸਥਾਨ ਹਾਸਿਲ ਕੀਤਾ। ਸ ਧਾਲੀਵਾਲ ਜੀ ਨੇ ਦੱਸਿਆ ਕਿ ਇਹ ਮੁਕਾਬਲਾ ਪੰਜਾਬੀ ਸੱਭਿਆਚਾਰ ਨੂੰ ਯੂਰਪ ਭਰ ਵਿੱਚ ਪ੍ਰਫੁਲਿਤ ਕਰਨ ਹਿੱਤ ਕਰਵਾਉਂਦੇ ਹਨ ਅਤੇ ਇਸ ਮੁਕਾਬਲੇ ਵਿੱਚ ਸੀਰਤ ਅਤੇ ਹੁਨਰ ਨੂੰ ਮੁੱਖ ਰੱਖਿਆ ਜਾਂਦਾ ਹੈ। ਇਹਨਾਂ ਮੁਕਾਬਲਿਆਂ ਦੀ ਟੀ ਵੀ ਪ੍ਰਜ਼ੈਂਟਰ ਰੂਪਦਵਿੰਦਰ ਕੌਰ ਯੂ ਕੇ, ਮੀਡੀਆ ਡਾਇਰੈਕਟਰ ਬਲਦੇਵ ਸਿੰਘ, ਪੰਜਾਬੀ ਗਾਇਕ ਜੈ ਕਾਹਲੋਂ, ਈਸ਼ਾ ਕੰਡਾ ਡੈਨਮਾਰਕ ਅਤੇ ਅਨਿਲ ਕੁਮਾਰ ਲੋਧੀ ਨੇ ਜੱਜਮੈਂਟ ਕੀਤੀ। ਮੰਚ ਸੰਚਾਲਕ ਦੀ ਭੂਮਿਕਾ ਸਰਬਜੀਤ ਸਿੰਘ ਢੱਕ ਨੇ ਬਾਖੂਬੀ ਨਿਭਾਈ। ਗਾਇਕ ਜੈ ਕਾਹਲੋਂ ਅਤੇ ਉੱਘੀ ਗਾਇਕ ਮਨਦੀਪ ਕੌਰ ਮਾਛੀਵਾੜਾ ਨੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਉਪਰੋਕਤ ਜੇਤੂਆਂ ਤੋਂ ਇਲਾਵਾ ਮਿਸ ਪੰਜਾਬਣ ਯੂਰਪ ਕੈਟਾਗਰੀ ਵਿੱਚ ਜਸਪ੍ਰੀਤ ਕੌਰ ਨੂੰ ਗਿੱਧਿਆਂ ਦੀ ਰਾਨੀ, ਸਵਿਤਾ ਆਰੀਆ(ਸਮਾਰਟ ਪੰਜਾਬਣ),ਸ਼ਭਨਮ ਲਾਲ(ਪੰਜਾਬੀ ਰਤਨ), ਸੋਨੀਆ ਕੁਮਾਰ(ਜੁਝਾਰੂ ਪੰਜਾਬਣ),ਨਵਦੀਪ ਕੌਰ(ਸ਼ੋਸ਼ਲ ਮੀਡੀਆ ਦੀ ਰਾਨੀ)ਅਤੇ ਸੁਖਵਿੰਦਰ ਕੌਰ ਨੂੰ ਆਵਾਜ ਪੰਜਾਬ ਦੀ ਐਵਾਰਡ ਦਿੱਤੇ ਗਏ। ਇਸੇ ਤਰਾਂ ਮਿਸੇਜ ਯੂਰਪ ਪੰਜਾਬਣ ਕੈਟਾਗਰੀ ਵਿੱਚ ਮਨਦੀਪ ਕੌਰ (ਖੁਸ਼ਦਿਲ ਪੰਜਾਬਣ),ਪਰਮਿੰਦਰ ਕੌਰ (ਰੂਹ ਪੰਜਾਬ ਦੀ),ਅਨੂੰ ਡੋਗਰਾ (ਗਿੱਧੇ ਦੀ ਰਾਨੀ),ਅਨਸ਼ੁਲਾ ਸ਼ਰਮਾ(ਸਮਾਰਟ ਪੰਜਾਬਣ),ਜੈ ਪ੍ਰੀਤ ਬੇਦੀ(ਸੀਰਤ ਪੰਜਾਬ ਦੀ),ਨੀਤੂ ਸ਼ਰਮਾ (ਪੰਜਾਬੀ ਰਤਨ),ਪ੍ਰਭਜੋਤ ਕੌਰ (ਹਰਮਨ ਪਿਆਰੀ ਪੰਜਾਬਣ),ਰਮਨਦੀਪ ਕੌਰ (ਸਾਨ ਪੰਜਾਬ ਦੀ), ਸੁਖਮਿੰਦਰ ਕੌਰ(ਰੇਸਿੰਗ ਸਟਾਰ) ਅਤੇ ਵਰਿੰਦਰ ਕੀਰ ਨੂੰ ਮਾਣ ਪੰਜਾਬ ਦਾ ਐਵਾਰਡ ਦਿੱਤੇ ਗਏ। ਸਿੰਘ ਡਿਜੀਟਲ ਮੀਡੀਆਂ ਹਾਊਸ ਦੇ ਚੇਅਰਮੈਨ ਰਣਜੀਤ ਸਿੰਘ ਧਾਲੀਵਾਲ ,ਪ੍ਰਧਾਨ ਸਿਮਰਨ ਕੌਰ ਧਾਲੀਵਾਲ ਅਤੇ ਰਿੰਕੂ ਸੈਣੀ ਨੇ ਇਟਲੀ ਦੇ ਪੰਜਾਬੀ ਭਾਈਚਾਰੇ ਅਤੇ ਯੂਰਪ ਭਰ ਤੋਂ ਪਹੁੰਚੀਆਂ ਪ੍ਰਤੀਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਭਾਰਤੀ ਕੌਂਸਲੇਟ ਜਨਰਲ, ਮਿਲਾਨ ਵੀ ਆਪਣੇ ਪਰਿਵਾਰ ਸਮੇਤ ਪਹੁੰਚੇ ਅਤੇ ਉਹਨਾਂ ਜੇਤੂ ਲੜਕੀਆਂ ਦਾ ਸਨਮਾਨ ਕੀਤਾ।

## ਸਾਹਿਤਕਾਰ ਜੀਤ ਕੰਮੇਆਣਾ ਦੇ ਜਨਮ ਦਿਨ ਮੋਕੇ ਸ਼ਾਇਰਾਂ ਨੇ ਆਪਣੀ ਸ਼ਾਇਰੀ ਨਾਲ ਖ਼ੂਬ ਰੰਗ ਬੰਨਿਆ।

### ਲੋਕ ਗਾਇਕ ਪਾਲ ਰਸੀਲਾ,ਅਤੇ ਸ਼ਮਸ਼ੇਰ ਸਿੰਘ ਭਾਣਾ ਨੇ ਪ੍ਰੋਗਰਾਮ ਨੂੰ ਯਾਦਗਾਰੀ ਬਣਾ ਦਿੱਤਾ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ 3 ਮਈ : ਪੰਜਾਬੀ ਲੇਖਕ ਮੰਚ ਫਰੀਦਕੋਟ ਦੇ ਵਿੱਤ ਸਕੱਤਰ ਜੀਤ ਕੰਮੇਆਣਾ ਦਾ 60 ਵਾ ਜਨਮ ਦਿਨ ਉਨ੍ਹਾਂ ਦੇ ਗ੍ਰਹਿ ਵਿਖੇ ਬੜੇ ਸਾਦੇ ਪਰ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਗਿਆ। ਇਸ ਸਮੇਂ ਮਨਜਿੰਦਰ ਗੋਲ੍ਹੀ, ਧਰਮ ਪ੍ਰਵਾਨਾਂ,ਜਗੀਰ ਸਿੰਘ ਸੱਧਰ,ਮਾਸਟਰ ਬਿੱਕਰ ਸਿੰਘ ਵਿਯੋਗੀ, ਲਖਵਿੰਦਰ ਸਿੰਘ ਕੋਟਸੁਖੀਆ, ਪਰਮਜੀਤ ਸਿੰਘ ਪੰਮਾ, ਡਾ. ਕਸ਼ਮੀਰ ਸਿੰਘ ਲੱਕੀ,ਡਾ ਮੁਕੰਦ ਸਿੰਘ ਵੜਿੰਗ, ਪ੍ਰਸਿੱਧ ਲੋਕ ਗਾਇਕ ਪਾਲ ਰਸੀਲਾ, ਸ਼ਮਸ਼ੇਰ ਸਿੰਘ ਭਾਣਾ,ਆਦਿ ਗਾਇਕ ਅਤੇ ਸਾਹਿਤਕਾਰ ਦੋਸਤਾਂ ਨੇ ਸ਼ਿਰਕਤ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਪੱਤਰਕਾਰ ਅਤੇ ਸਾਹਿਤਕਾਰ ਧਰਮ ਪ੍ਰਵਾਨਾ ਨੇ ਬਾਖ਼ੂਬੀ ਨਿਭਾਈ। ਪ੍ਰੋਗਰਾਮ ਦੀ ਸਰੂਆਤ ਲੋਕ ਗਾਇਕ ਪਾਲ ਸਿੰਘ ਰਸੀਲਾ ਦੇ ਧਾਰਮਿਕ ਗੀਤ ਤੋਂ ਹੋਈ । ਉਸ ਤੋਂ ਬਾਅਦ ਬਿੱਕਰ ਸਿੰਘ ਵਿਯੋਗੀ,ਜੰਗੀਰ ਸੱਧਰ,ਕਸਮੀਰ ਸਿੰਘ ਲੱਕੀ, ਲਖਵਿੰਦਰ ਸਿੰਘ ਕੋਟਸੁਖੀਆ, ਪਰਮਜੀਤ ਸਿੰਘ ਪੰਮਾ, ਮੁਕੰਦ ਸਿੰਘ ਵੜਿੰਗ, ਮਨਜਿੰਦਰ ਗੋਲ੍ਹੀ ਨੇ ਆਪੋ ਆਪਣੀਆ ਰਚਨਾਵਾਂ ਸੁਣਾਕੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ।ਫੇਰ ਵਾਰੀ ਆਈ ਪ੍ਰਸਿੱਧ ਗਾਇਕ ਸ਼ਮਸ਼ੇਰ ਸਿੰਘ ਭਾਣਾ ਦੀ ਜਿਸ ਨੇ ਧਰਮ ਪ੍ਰਵਾਨਾਂ ਦਾ ਲਿਖਿਆ ਗੀਤ ਜਨਮ ਦਿਨ ਬਾਈ ਜੀਤ ਕੰਮੇਆਣਾ ਦਾ ਤਰੰਨੁਮ ਵਿੱਚ ਸੁਣਾਇਆ ਅਤੇ ਇੱਕ ਹੋਰ ਗੀਤ ਜੀਤ ਕੰਮੇਆਣਾ ਦੀ ਕਲਮ ਤੋਂ ਲਿਖਿਆ ਸਾਡੀ ਯਾਰੀ ਸੁਣਾਇਆ । ਇਸ ਤੋਂ ਬਾਅਦ ਆਏਂ ਹੋਏ ਸਾਹਿਤਕਾਰਾਂ ਤੇ ਘਰ ਦੇ ਮੈਂਬਰਾਂ ਵੱਲੋਂ ਕੇਕ ਕੱਟਿਆ ਗਿਆ । ਇਸ ਸਮੇਂ ਪੰਜਾਬੀ ਲੇਖਕ ਮੰਚ ਫਰੀਦਕੋਟ ਵੱਲੋਂ ਜੀਤ ਕੰਮੇਆਣਾ ਨੂੰ ਵਿਸ਼ੇਸ਼ ਤੋਰ ਤੇ ਲੋਈ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤਰਾਂ ਇਹ ਸਮਾਗਮ ਇੱਕ ਯਾਦਗਾਰੀ ਸਮਾਗਮ ਹੋ ਨਿਬੜਿਆ।

## ਸਾਊਥ ਏਸ਼ੀਅਨ ਕਮਿਊਨਿਟੀ ਹੱਬ (SACH) ਸੋਸਾਇਟੀ ਦੇ ਫੰਡਰੇਜ਼ਿੰਗ ਸਮਾਗਮ ਨੂੰ ਮਿਲਿਆ ਲਾਮਿਸਾਲ ਹੁੰਗਾਰਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 3 ਮਈ : ਸਾਊਥ ਏਸ਼ੀਅਨ ਕਮਿਊਨਿਟੀ ਹੱਬ (SACH) ਸੋਸਾਇਟੀ ਵੱਲੋਂ ਸਰੀ ਦੇ ਕ੍ਰਾਊਨ ਪੈਲੇਸ ਬੈਂਕੁਏਟ ਹਾਲ ਵਿਚ ਆਪਣਾ ਪਹਿਲਾ ਫੰਡਰੇਜ਼ਿੰਗ ਗਾਲਾ ਸਮਾਗਮ ਕਰਵਾਇਆ ਗਿਆ ਜਿਸ ਵਿਚ 500 ਤੋਂ ਵਧੇਰੇ ਵਿਅਕਤੀ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਵਿਚ ਸਿਆਸਤਦਾਨ, ਬਿਜ਼ਨਸਮੈਨ, ਸਿਹਤ ਅਤੇ ਸਮਾਜਿਕ ਸੇਵਾਵਾਂ ਨਾਲ ਸੰਬੰਧਿਤ ਵੱਖ ਵੱਖ ਸੰਸਥਾਵਾਂ ਦੇ ਆਗੂ ਸ਼ਾਮਲ ਸਨ।



ਸਮਾਗਮ ਦੌਰਾਨ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਵਿਭਾਗ ਦੇ ਮੰਤਰੀ ਜੈਨੀਫਰ ਵ੍ਹਾਈਟਸਾਈਡ ਨੇ ਕਿਹਾ ਕਿ SACH ਸੰਸਥਾ ਦੱਖਣੀ ਏਸ਼ਿਆਈ ਲੋਕਾਂ ਦੀਆਂ ਖਾਸ ਲੋੜਾਂ ਨੂੰ ਪੂਰਾ ਕਰਨ ਵਾਲੇ ਪ੍ਰੋਗਰਾਮਾਂ ਅਤੇ ਸੇਵਾਵਾਂ ਨਾਲ ਜੁੜਨਾ ਆਸਾਨ ਬਣਾਉਣ ਲਈ ਬਹੁਤ ਲੋੜੀਂਦਾ ਕੁਨੈਕਸ਼ਨ ਪ੍ਰਦਾਨ ਕਰਨ ਵਿੱਚ ਮਦਦ ਕਰਦੀ ਹੈ। ਇਸ ਤਰ੍ਹਾਂ ਲੋਕਾਂ ਨੂੰ ਤੰਦਰੁਸਤੀ ਅਤੇ ਜੀਵਨ ਦੀ ਬਿਹਤਰ ਗੁਣਵੱਤਾ ਦੇ ਆਪਣੇ ਮਾਰਗ ‘ਤੇ ਸਹੀ ਕਿਸਮ ਦਾ ਸਮਰਥਨ ਮਿਲਦਾ ਹੈ। ਉਨ੍ਹਾਂ SACH ਦੇ ਪ੍ਰੋਗਰਾਮਾਂ ਦਾ ਸਮੱਰਥਨ ਕਰਦਿਆਂ ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ 100,000 ਡਾਲਰ ਫੰਡ ਦੇਣ ਦਾ ਐਲਾਨ ਕੀਤਾ। ਪੈਸੀਫਿਕ ਹਾਸਪਿਟੈਲਿਟੀ ਇੰਕ (PHI) ਵੱਲੋਂ ਵੀ 25,000 ਡਾਲਰ ਦਾਨ ਰਾਸ਼ੀ ਦਿੱਤੀ ਗਈ ਅਤੇ ਹੋਰ ਕਈ ਵੱਡੇ ਦਾਨੀਆਂ ਨੇ ਆਪਣਾ ਯੋਗਦਾਨ ਪਾਇਆ।



SACH ਦੇ ਬੋਰਡ ਚੇਅਰ ਹਰਮਨ ਪੰਧੇਰ ਨੇ ਕਮਿਊਨਿਟੀ ਵੱਲੋਂ ਮਿਲੇ ਭਰਵੇਂ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਜ਼ਹਿਰੀਲੀਆਂ ਦਵਾਈਆਂ, ਇਲਾਜ ਨਾ ਹੋਣ ਵਾਲੀਆਂ ਮਾਨਸਿਕ-ਸਿਹਤ ਚੁਣੌਤੀਆਂ ਅਤੇ ਅਦਿੱਖ ਬੇਘਰ ਹੋਣ ਕਾਰਨ ਦੱਖਣੀ ਏਸ਼ੀਆਈ ਭਾਈਚਾਰਿਆਂ ਵਿੱਚ ਚੁਣੌਤੀਆਂ ਵੱਧ ਰਹੀਆਂ ਹਨ। “SACH ਦੁਆਰਾ ਬਣਾਈ ਗਈ ਸਾਂਝੇਦਾਰੀ ਸਾਨੂੰ ਸਰੀ ਵਿੱਚ ਸ਼ੁਰੂ ਕੀਤੇ ਮਹੱਤਵਪੂਰਨ ਕੰਮ ਨੂੰ ਜਾਰੀ ਰੱਖਣ ਵਿੱਚ ਮਦਦ ਕਰਦੀ ਹੈ। ਦਾਨੀਆਂ ਦੇ ਸਹਿਯੋਗ ਨੇ SACH ਟੀਮ ਅਤੇ ਬੋਰਡ ਨੂੰ ਉਤਸ਼ਾਹਿਤ ਕੀਤਾ ਹੈ। ਮਾਨਸਿਕ ਸਿਹਤ ਅਤੇ ਨਸ਼ਾਖੋਰੀ ਦੇ ਮੁੱਦਿਆਂ ‘ਤੇ ਚਰਚਾ ਕਰਨ ਲਈ ਉਦਾਰ ਭਾਈਚਾਰੇ ਦਾ ਸਮਰਥਨ ਅਤੇ ਉਨ੍ਹਾਂ ਦੀ ਦਿਲਚਸਪੀ ਦਰਸਾਉਂਦੀ ਹੈ ਕਿ ਸਿੱਖਿਅਤ, ਵਕਾਲਤ ਅਤੇ ਸਹਿਯੋਗ ਕਰਨ ਲਈ ਸੁਰੱਖਿਅਤ ਸਥਾਨ ਬਣਾਉਣਾ ਕਿੰਨਾ ਮਹੱਤਵਪੂਰਨ ਹੈ।

ਬੋਰਡ ਮੈਂਬਰ ਬਿਲਾਲ ਚੀਮਾ ਨੇ ਕਿਹਾ ਕਿ ਕਮਿਊਨਿਟੀ ਵਿਚ ਇੱਕ ਦੂਜੇ ਨੂੰ ਉੱਚਾ ਚੁੱਕਣ, ਸ਼ਕਤੀਕਰਨ ਅਤੇ ਸਮਰਥਨ ਦੇਣ ਲਈ ਕੀਤੀਆਂ ਕਾਰਵਾਈਆਂ ਹੀ ਅਸਲੀ ਭਾਈਚਾਰਾ ਹੈ ਜਿਸ ਦਾ ਮਤਲਬ ਹੈ ਕਿਸੇ ਨੂੰ ਪਿੱਛੇ ਨਾ ਛੱਡਣਾ। ਬੋਰਡ ਮੈਂਬਰ ਗੈਰੀ ਥਾਂਦੀ ਨੇ ਕਿਹਾ ਕਿ SACH ਨਾ ਸਿਰਫ਼ ਸਿਹਤ, ਸਿੱਖਿਆ ਅਤੇ ਸਮਾਜਿਕ ਸੇਵਾਵਾਂ ਦੀ ਸੰਪੂਰਨ, ਏਕੀਕ੍ਰਿਤ ਸੇਵਾ ਦਾ ਅਨੁਭਵ ਹੈ ਸਗੋਂ ਇਹ ਇੱਕ ਮਾਡਲ ਵਜੋਂ ਕੰਮ ਕਰ ਰਹੀ ਹੈ ਜੋ ਬੀਸੀ ਸੂਬੇ ਵਿੱਚ ਵੱਖ ਵੱਖ ਭਾਈਚਾਰਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਯਤਨਸ਼ੀਲ ਹੈ। ਕਾਰਜਕਾਰੀ ਡਾਇਰੈਕਟਰ ਦਲਜੀਤ ਗਿੱਲ ਬਦੇਸ਼ਾ ਨੇ ਕਿਹਾ ਕਿ ਕਮਿਊਨਿਟੀ ਨੇ ਸਹਿਯੋਗ ਨੇ ਦਰਸਾ ਦਿੱਤਾ ਹੈ ਕਿ ਉਹ ਸਾਡੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੇ ਹਨ।


ਜ਼ਿਕਰਯੋਗ ਹੈ ਕਿ SACH ਸਰੀ ਸਥਿਤ ਇੱਕ ਜ਼ਮੀਨੀ ਅਤੇ ਵੱਡੇ ਪੱਧਰ ‘ਤੇ ਸਵੈ-ਸੇਵੀ ਵਰਕਰਾਂ ਦੁਆਰਾ ਚਲਾਈ ਜਾਂਦੀ ਗ਼ੈਰ-ਮੁਨਾਫ਼ਾ ਸੰਸਥਾ ਹੈ। 2020 ਵਿੱਚ ਸਥਾਪਿਤ ਕੀਤੀ ਇਹ ਸੰਸਥਾ ਦੱਖਣ ਏਸ਼ੀਆਈ ਭਾਈਚਾਰੇ ਵਿੱਚ ਸੰਘਰਸ਼ ਕਰ ਰਹੇ ਲੋਕਾਂ ਅਤੇ ਮਾਨਸਿਕ-ਸਿਹਤ ਅਤੇ ਨਸ਼ਾਖੋਰੀ ਦੀਆਂ ਚੁਣੌਤੀਆਂ ਨਾਲ ਜੂਝ ਰਹੇ ਲੋਕਾਂ ਦੀ ਮਦਦ ਕਰਨ ਲਈ ਮਹੱਤਵਪੂਰਨ ਭਾਈਚਾਰਕ ਪਹੁੰਚ ਅਤੇ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੀ ਹੈ।

## ਮਾਪੇ ਆਪਣੇ ਐਲੀਮੈਂਟਰੀ ਸਕੂਲਾਂ ਦੇ ਬੱਚਿਆਂ ਨੂੰ ਪੰਜਾਬੀ ਦੀ ਪੜ੍ਹਾਈ ਲਈ ਰਜਿਸਟਰ ਕਰਨ – ਪਲੀਅ ਵੱਲੋਂ ਅਪੀਲ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 3 ਮਈ : ਲੈਂਗੁਏਜ਼ ਐਜੂਕੇਸ਼ਨ ਐਸੋਸੀਏਸ਼ਨ (ਪਲੀਅ) ਵੱਲੋਂ ਸਰੀ ਦੇ ਛੇ ਐਲੀਮੈਂਟਰੀ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਗਈ ਹੈ ਕਿ ਸਤੰਬਰ 2024 ਵਿੱਚ ਸ਼ੁਰੂ ਹੋਣ ਵਾਲੀਆਂ ਕਲਾਸਾਂ ਵਿੱਚ ਆਪਣੇ ਬੱਚਿਆਂ ਨੂੰ ਪੰਜਾਬੀ ਦੀ ਪੜ੍ਹਾਈ ਲਈ ਰਜਿਸਟਰ ਕੀਤਾ ਜਾਵੇ।



ਪਲੀਅ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਅਤੇ ਮੀਤ ਪ੍ਰਧਾਨ ਸਾਧੂ ਬਿਨਿੰਗ ਨੇ ਇਹ ਅਪੀਲ ਕਰਦਿਆਂ ਦੱਸਿਆ ਹੈ ਕਿ ਇਸ ਵੇਲੇ ਸਰੀ ਸਕੂਲ ਬੋਰਡ ਵੱਲੋਂ ਸਰੀ ਦੇ ਛੇ ਐਲੀਮੈਂਟਰੀ ਸਕੂਲਾਂ ਵਿੱਚ ਪੰਜਵੀਂ, ਛੇਵੀਂ ਅਤੇ ਸੱਤਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਚੋਣਵਾਂ ਵਿਸ਼ਾ ਪੰਜਾਬੀ ਰੱਖਣ ਦੀ ਪ੍ਰਵਾਨਗੀ ਮਿਲੀ ਹੋਈ ਹੈ। ਆਪਣੀ ਮਾਂ ਬੋਲੀ ਨਾਲ ਪਿਆਰ ਕਰਨ ਵਾਲੇ ਮਾਪਿਆਂ ਨੂੰ ਇਸ ਸਹੂਲਤ ਦਾ ਲਾਭ ਉਠਾਉਣ ਦੀ ਅਪੀਲ ਕਰਦਿਆਂ ਪਲੀਅ ਆਗੂਆਂ ਨੇ ਕਿਹਾ ਹੈ ਕਿ ਸਤੰਬਰ ਵਿਚ ਦਾਖ਼ਲਾ ਲੈਣ ਸਮੇਂ ਇਨ੍ਹਾਂ ਕਲਾਸਾਂ ਵਿਚ ਆਪਣੇ ਬੱਚਿਆਂ ਨੂੰ ਪੰਜਾਬੀ ਲਈ ਰਜਿਸਟਰ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਐਲੀਮੈਟਰੀ ਸਕੂਲਾਂ ਵਿੱਚ ਪੰਜਾਬੀ ਵਿਸ਼ੇ ਦੀ ਪੜ੍ਹਾਈ ਲਈ ਰਜਿਸਟਰ ਕਰਵਾਉਣ ਦੀ ਮੰਨਜ਼ੂਰੀ ਹੈ ਉਹ ਸਕੂਲ ਹਨ -ਚਿਮਨੀ ਹਿਲ, ਟੀ.ਈ. ਸਕੌਟ, ਨਿਊਟਨ, ਸਟਰਾਬੇਰੀ ਹਿਲ, ਬੀਅਰ ਕਰੀਕ ਅਤੇ ਗਰੀਨ ਟਿੰਬਰਜ਼। ਇਸ ਸੰਬੰਧ ਵਿੱਚ ਹੋਰ ਜਾਣਕਾਰੀ ਲਈ ਬਲਵੰਤ ਸਿੰਘ ਸੰਘੇੜਾ ਨਾਲ ਫੋਨ ਨੰਬਰ 604 836 8976 ਜਾਂ ਸਾਧੂ ਬਿਨਿੰਗ ਨਾਲ 778 773 1886 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕੰਨਿਆ ਸਕੂਲ ਰੋਪੜ ਦੇ ਅੱਠਵੀਂ, ਦਸਵੀਂ ਅਤੇ ਬਾਹਰਵੀਂ ਦੇ ਨਤੀਜੇ ਰਹੇ 100%

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ



ਰੋਪੜ, 03 ਮਈ: ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ, ਦਸਵੀਂ ਅਤੇ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਸ.ਸ.ਸ.ਸ. ਰੂਪਨਗਰ ਦੀਆਂ ਵਿਦਿਆਰਥਣਾਂ ਦੇ ਨਤੀਜੇ 100 ਪ੍ਰਤੀਸ਼ਤ ਰਹੇ। ਵਾਈਸ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਦੱਸਿਆ ਕਿ ਅੱਠਵੀਂ ਜਮਾਤ ਵਿੱਚ ਕੁਮਾਰੀ ਭਾਰਤੀ ਨੇ 600 ਵਿੱਚੋਂ 570, ਦੀਪਤੀ ਨੇ 565 ਅਤੇ ਸੰਧਿਆ ਨੇ 563 ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਲ ਕੀਤਾ। ਦਸਵੀਂ ਜਮਾਤ ਵਿੱਚ ਟਵਿੰਕਲ ਨੇ 650 ਵਿੱਚੋਂ 602, ਮਧੂ ਕੁਮਾਰੀ ਨੇ 575 ਅਤੇ ਜਸਪ੍ਰੀਤ ਕੌਰ ਨੇ 574 ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਮੱਲਿਆ। ਇਸੇ ਤਰ੍ਹਾਂ ਬਾਰਵੀਂ ਜਮਾਤ ਦੇ ਸਾਇੰਸ ਗਰੁੱਪ ਵਿੱਚ ਸੁਨੇਹਾ ਨੇ 500 ਵਿੱਚੋਂ 479, ਕੁਸਮ ਕੁਮਾਰੀ ਨੇ 473 ਅਤੇ ਰਾਜਵਿੰਦਰ ਕੌਰ ਨੇ 471, ਕਾਮਰਸ ਗਰੁੱਪ ਵਿੱਚ ਅਰਾਧਿਆ ਸਿੰਘ ਨੇ 466, ਕੋਮਲਪ੍ਰੀਤ ਕੌਰ ਨੇ 446 ਅਤੇ ਕੋਮਲਪ੍ਰੀਤ ਕੌਰ ਨੇ 440, ਆਰਟਸ ਗਰੁੱਪ ਵਿੱਚ ਨਿੱਕੀ ਨੇ 463, ਤਰਨਜੀਤ ਕੌਰ ਨੇ 458 ਅਤੇ ਸਿਮਰਨਜੀਤ ਕੌਰ ਨੇ 457, ਵੋਕੇਸ਼ਨਲ ਗਰੁੱਪ ਵਿੱਚ ਗੁਰਸ਼ਰਨ ਕੌਰ ਨੇ 455, ਮਨਤਸ਼ਾ ਨੇ 435 ਅਤੇ ਅੰਜਲੀ ਨੇ 401 ਅੰਕ ਪ੍ਰਾਪਤ ਕਰਕੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਪ੍ਰਾਪਤ ਕੀਤੇ। ਇਸ ਮੌਕੇ ਪ੍ਰਿੰਸੀਪਲ ਸੰਦੀਪ ਕੌਰ ਅਤੇ ਸਮੂਹ ਸਟਾਫ ਨੇ ਵਿਦਿਆਰਥਣਾ ਦਾ ਮੂੰਹ ਮਿੱਠਾ ਕਰਵਾ ਕੇ ਮੁਬਾਰਕਾਂ ਦਿੰਦਿਆਂ ਭੱਵਿਖ ਵਿੱਚ ਵੀ ਇਸੇ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਨੇ ਪਰਮਜੀਤ ਸਿੰਘ ਸੁੱਖ ਨੂੰ ਬਣਾਇਆ ਹਲਕਾ ਉੱਤਰੀ ਦਾ ਇੰਚਾਰਜ

### ਲੋਕ ਸਭਾ ਚੋਣਾਂ ਵਿੱਚ ਸ. ਇਮਾਨ ਸਿੰਘ ਮਾਨ ਦੀ ਜਿੱਤ ਲਈ ਦਿਨ ਰਾਤ ਇੱਕ ਕਰਾਂਗਾਂ-ਪਰਮਜੀਤ ਸਿੰਘ ਸੁੱਖ

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ

ਮਿਤੀ 29 ਅਪ੍ਰੈਲ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਨੇ ਪਰਮਜੀਤ ਸਿੰਘ ਸੁੱਖ ਜੀ ਨੂੰ ਉੱਤਰੀ ਹਲਕੇ ਦਾ ਇੰਚਾਰਜ ਬਣਾ ਕੇ ਉੱਤਰੀ ਹਲਕੇ ਦੀ ਜਿੰਮੇਵਾਰੀ ਦਿੱਤੀ। ਪਰਮਜੀਤ ਸਿੰਘ ਸੁੱਖ ਜੀ ਕਿਸਾਨ ਸੰਘਰਸ਼ ਕਮੇਟੀ ਦੇ ਅੰਮ੍ਰਿਤਸਰ ਜਿਲ੍ਹੇ ਦੇ ਮੀਤ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਪਰਮਜੀਤ ਸਿੰਘ ਸੁੱਖ ਜੀ ਨੇ ਕਿਹਾ ਕਿ ਉਹ ਮਾਨ ਮਹਿਸੂਸ ਕਰ ਰਹੇ ਹਨ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵਿੱਚ ਸ਼ਾਮਲ ਹੋ ਕੇ ਅਤੇ ਉਨਾਂ ਵਿਸ਼ਵਾਮ ਜਤਾਇਆ ਕਿ ਉਹ ਅੰਮ੍ਰਿਤਸਰ



ਹਲਕੇ ਦੇ ਉਮੀਦਵਾਰ ਸ. ਇਮਾਨ ਸਿੰਘ ਮਾਨ ਜੀ ਦੀ ਜਿੱਤ ਲਈ ਦਿਨ ਰਾਤ ਇੱਕ ਕਰਕੇ ਪਾਰਟੀ ਦੇ ਅਜੰਡਿਆ ਦਾ ਪ੍ਰਚਾਰ ਕਰਣਗੇ। ਘਰ-ਘਰ ਜਾ ਕੇ ਉਹ ਅੰਮ੍ਰਿਤਸਰ ਹਲਕੇ ਦੀ ਜਨਤਾ ਨੂੰ ਜਾਗਰੁਕ ਕਰਣਗੇ ਅਤੇ ਜਨਤਾ ਨੂੰ ਪੰਜਾਬ ਦੀ ਖੇਤਰੀ ਅਤੇ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਾਲ ਜੋੜਣਗੇ। ਪਰਮਜੀਤ ਸਿੰਘ ਸੁੱਖ ਜੀ ਨੇ ਦਾਵਾ ਕੀਤਾ ਕਿ ਉਹ ਇਸ ਮਹੀਨੇ ਵਿੱਚ ਆਪਣੇ ਹਲਕੇ ਵਿੱਚ ਸ. ਇਮਾਨ ਸਿੰਘ ਮਾਨ ਜੀ ਦੀਆਂ ਵੱਖ-ਵੱਖ ਇਲਾਕੇ ਵਿੱਚ ਹੰਗਾਮੀ ਮੀਟਿੰਗ ਕਰਵਾਉਣਗੇ ਅਤੇ ਸੰਗਤ ਦਰਸ਼ਨ ਕਰਵਾਉਣਗੇ, ਤਾਂ ਜੋ ਸੰਗਤ ਸਿੱਧੇ ਤੌਰ ਤੇ ਸ. ਇਮਾਨ ਸਿੰਘ ਮਾਨ ਜੀ ਨਾਲ ਮਿਲ ਸਕਣ, ਉੱਨਾਂ ਦੇ ਵਿਚਾਰ ਸੁਣ ਸਕਣ ਅਤੇ ਆਪਣੇ ਮਸਲਿਆਂ ਉੱਤੇ ਉਨਾਂ ਨਾਲ ਵਿਚਾਰ ਚਰਚਾ ਕਰ ਸਕਣ। ਪਰਮਜੀਤ ਸਿੰਘ ਸੁੱਖ ਜੀ ਨੂੰ ਉੱਤਰੀ ਹਲਕੇ ਦੇ ਇੰਚਾਰਜ ਦੀ ਜਿੰਮੇਵਾਰੀ ਖੁਦ ਅੰਮ੍ਰਿਤਸਰ ਦੇ ਉਮੀਦਵਾਰ ਸ. ਇਮਾਨ ਸਿੰਘ ਮਾਨ ਜੀ ਸਿਰੋਪਾ ਪਾ ਕੇ ਦਿੱਤੀ। ਉਨਾਂ ਨਾਲ ਇਸ ਸਮੇਂ ਸ. ਹਰਪਾਲ ਸਿੰਘ ਬਲੇਰ, ਸ. ਉਪਕਾਰ ਸਿੰਘ ਸੰਧੂ, ਸ. ਹਰਪਾਲ ਸਿੰਘ ਬਚੜੇ, ਬੀਬੀ ਰਸ਼ਪਿੰਦਰ ਕੌਰ, ਜਸਬੀਰ ਸਿੰਘ ਬਚੜੇ ਜਥੇਬੰਦਕ ਸਕੱਤਰ, ਨਿਸ਼ਾਨ ਸਿੰਘ ਬਲੇਰ, ਜਥੇਦਾਰ ਜਗਜੀਤ ਸਿੰਘ ਰਾਮੂਵਾਲ, ਗੁਰਜਿੰਦਰ ਸਿੰਘ ਖਾਪੜਖੇੜੀ, ਬਿਅੰਤ ਸਿੰਘ ਸੰਧੂ, ਨਿਸ਼ਾਨ ਸਿੰਘ ਢਿੱਲੋਂ, ਹਰਪਾਲ ਸਿੰਘ ਖਾਲਿਸਤਾਨੀ, ਰਾਜਾ ਸਿੰਘ ਮੁਸਤਫਾਬਾਦ ਜੀ ਨੇ ਸਿਰੋਪਾਉ ਪਾ ਕੇ ਪਾਰਟੀ ਦੀ ਇਹ ਜਿੰਮੇਵਾਰੀ ਸੌਂਪੀ। ਇਸ ਸਮੇਂ ਲਛਮਣ ਸਿੰਘ, ਪਵਿੱਤ ਸਿੰਘ, ਕੰਵਲ ਰੰਧਾਵਾ, ਬਾਉ ਰਾਣਾ ਜੀ, ਹਰਪਾਲ ਸਿੰਘ ਖਾਲਿਸਤਾਨੀ, ਹਰਜੋਤ ਸਿੰਘ ਹਰੜਕਲਾਂ, ਗੁਰਦੇਵ ਸਿੰਘ ਵਰਪਾਲ, ਗੁਰਵਿੰਦਰ ਸਰਕਾਰੀ, ਬਖਤਾਵਰ ਸਿੰਘ, ਦਵਿੰਦਰ ਫੌਜੀ, ਬਾਉ ਅਜੇ ਕੁਮਾਰ, ਹਰਭਜਨ ਸਿੰਘ, ਮਨਪ੍ਰੀਤ ਸਿੰਘ, ਬਚਿੱਤਰ ਸਿੰਘ, ਗੁਰਮੇਜ ਸਿੰਘ, ਕੁਲਦੀਪ, ਕੇਵਲ ਸਿੰਘ, ਮਨਦੀਪ ਕੁਮਾਰ, ਰਣਬੀਰ ਰਾਣਾ, ਕੁਲਵੰਤ ਸਿੰਘ ਵੇਰਕਾ, ਗੁਰਦੀਪ ਸਿੰਘ ਮੁੱਧਲ ਵੀ ਹਾਜ਼ਰ ਸਨ।

## ,,,,ਛੱਪੜ ਤੇ ਬੋਹੜ,,,

ਸਾਡੇ ਪਿੰਡ ਛੱਪੜ ਕੰਢੇ ਹੁੰਦੇ ਸੀ
ਬੋਹੜ ਭਾਰੇ।
ਕੱਠੇ ਹੋ ਸਾਰਿਆਂ ਦੁਪਿਹਰਾ ਉੱਥੇ
ਕੱਟਣਾ।
ਕਰਨੀਆਂ ਗੱਲਾਂ ਸਿਆਣਿਆਂ ਨੇ
ਰਲ ਮਿਲ,
ਕਈਆਂ ਨੇ ਸਣ ਕੱਢਣੀ ਕਈਆਂ
ਵਾਣ ਵੱਟਣਾ।
ਛੱਪੜ ਚ' ਨੁਹਾਉਣਾ ਨਾਲੇ ਮੱਝਾਂ ਨੂੰ
ਨਹਾਈ ਜਾਣਾਂ,
ਮਾਰ ਮਾਰ ਛਾਲਾਂ ਅਸੀਂ ਹੱਬ ਕੇ ਸੀ
ਹੱਟਣਾ।
ਲੰਮੇ ਲੰਮੇ ਬੋਹੜ ਦੇ ਟਾਹਣੇ ਸੀ
ਬੜੇ ਭਾਰੇ,
ਖੇਡਦਿਆਂ ਨੇ ਡਿੱਗ ਪੈਣਾ ਹੇਠ
ਬੈਠਿਆਂ ਨੇ ਚੱਕਣਾ।
ਅੱਜ ਉਹ ਛੱਪੜ ਤੇ ਨਾ ਹੀ ਉਹ
ਬੋਹੜ ਰਹੇ,
ਜਿੱਥੇ ਬੈਠ ਛੱਜ ਨਾਲ ਬੇਬੇ ਹੋਲਾਂ ਨੂੰ
ਸੀ ਛੱਟਣਾ।
ਸਮੇਂ ਨੇ ਸਭ ਕੁਝ ਬੁੱਕਲ ਚ' ਲਕੋ
ਲਿਆ,
ਪੱਤੋ, ਸ਼ੁਰੂ ਹੁਣ ਹੋ ਗਿਆ ਮੁਹੱਬਤਾਂ
ਦਾ ਘੱਟਣਾ।



ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਮੁਫਤ ਦੇ ਪੈਸੇ / ਮਿੰਨੀ ਕਹਾਣੀ



ਪਿੰਡ ਦੇ ਗੁਰਦੁਆਰੇ ਤੋਂ ਇਹ ਅਨਾਊਂਸਮੈਂਟ ਕੀਤੀ ਜਾ ਰਹੀ ਸੀ," ਅੱਜ ਪਿੰਡ ਦੇ ਸੁਸਾਇਟੀ ਬੈਂਕ ਵਿੱਚ ਦਸ ਵਜੇ ਬੁਢਾਪਾ ਪੈਨਸ਼ਨ ਦੇ ਫਾਰਮ ਭਰੇ ਜਾਣੇ ਨੇ। ਜਿਸ ਔਰਤ ਦੀ ਉਮਰ 60 ਸਾਲ ਅਤੇ ਜਿਸ ਪੁਰਸ਼ ਦੀ ਉਮਰ 65 ਸਾਲ ਹੋਵੇ, ਉਸ ਦਾ ਹੀ ਫਾਰਮ ਭਰਿਆ ਜਾਣਾ ਆਂ। ਲੋੜਵੰਦ ਔਰਤਾਂ ਤੇ ਪੁਰਸ਼ ਠੀਕ ਦਸ ਵਜੇ ਸੁਸਾਇਟੀ ਬੈਂਕ ਵਿੱਚ ਪਹੁੰਚ ਜਾਣ।"

ਇਹ ਅਨਾਊਂਸਮੈਂਟ ਖਤਮ ਹੋਈ ਹੀ ਸੀ ਕਿ ਮੇਰੇ ਘਰ ਦਾ ਗੇਟ ਕਿਸੇ ਨੇ ਆ ਖੜਕਾਇਆ। ਮੈਂ ਗੇਟ ਕੋਲ ਜਾ ਕੇ ਵੇਖਿਆ, ਮੇਰਾ ਗੁਆਂਢੀ ਗੇਟ ਖੜਕਾ ਰਿਹਾ ਸੀ। ਮੈਨੂੰ ਵੇਖ ਕੇ ਉਹ ਬੋਲਿਆ," ਮਾਸਟਰ ਜੀ, ਤੁਹਾਡਾ ਡੈਡੀ ਕਿੱਥੇ ਆ?"

" ਕਿਉਂ ਕੀ ਗੱਲ?" ਮੈਂ ਪੁੱਛਿਆ।

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

" ਤੁਸੀਂ ਹੁਣੇ ਗੁਰਦੁਆਰੇ ਤੋਂ ਅਨਾਊਂਸਮੈਂਟ ਨ੍ਹੀ ਸੁਣੀ?"

" ਹਾਂ ਸੁਣੀ ਆਂ।"

" ਭੇਜੋ ਆਪਣੇ ਡੈਡੀ ਨੂੰ ਮੇਰੇ ਨਾਲ। ਪੈਨਸ਼ਨ ਦੇ ਫਾਰਮ ਭਰਵਾ ਆਈਏ।"

ਮੈਂ ਆਪਣੇ ਗੁਆਂਢੀ ਨੂੰ ਗਹੁ ਨਾਲ ਵੇਖਿਆ, ਜਿਸ ਦੀ ਉਮਰ ਮਸਾਂ 55 ਕੁ ਸਾਲ ਦੀ ਸੀ ਅਤੇ ਕਿਹਾ," ਮੈਂ ਆਪਣੇ ਡੈਡੀ ਨੂੰ ਪੈਨਸ਼ਨ ਨ੍ਹੀ ਲੁਆਣੀ। ਮੈਂ ਉਸ ਦੀ ਦੇਖ ਭਾਲ ਲਈ ਬਥੇਰਾ ਆਂ। ਪਰ ਤੇਰੀ ਉਮਰ ਤਾਂ ਮਸਾਂ 55 ਕੁ ਸਾਲ ਦੀ ਆ। ਤੈਨੂੰ ਪੈਨਸ਼ਨ ਲੱਗ ਨ੍ਹੀ ਸਕਦੀ।"

" ਮਾਸਟਰ ਜੀ, ਮੇਰੇ ਕੋਲ ਕਿਹੜਾ ਕੋਈ ਉਮਰ ਦਾ ਸਰਟੀਫਿਕੇਟ ਆ। ਜਿੰਨੀ ਮੈਂ ਕਹੀ, ਉੱਨੀ ਫਾਰਮ ਭਰਨ ਵਾਲਿਆਂ ਨੇ ਲਿਖ ਲੈਣੀ ਆਂ। ਨਾਲੇ ਮੁਫਤ ਦੇ ਪੈਸੇ ਆ। ਹੋਰ ਨ੍ਹੀ ਕੁਛ ਤਾਂ ਚਾਹ, ਪਾਣੀ ਹੀ ਚੱਲਿਆ ਰਹੂ।" ਇਹ ਕਹਿ ਕੇ ਮੇਰਾ ਗੁਆਂਢੀ ਛੇਤੀ ਨਾਲ ਸੁਸਾਇਟੀ ਬੈਂਕ ਵੱਲ ਨੂੰ ਤੁਰ ਪਿਆ।

## ਪੰਜਾਬੀ ਸਿਨੇਮਾ ਨੂੰ ਵਿਲੱਖਣਤ ਦੇ ਨਵੇਂ ਰੰਗਾਂ ਵਿੱਚ ਰੰਗੇਗੀ ਫ਼ਿਲਮ 'ਸ਼ਿੰਦਾ-ਸ਼ਿੰਦਾ ਨੋ ਪਾਪਾ'

ਵਰਲਡ ਪੰਜਾਬੀ ਟਾਈਮਜ਼
ਜਿੰਦ ਜਵੰਦਾ



ਪੰਜਾਬੀ ਸਿਨੇਮਾ ਤੇਜ਼ੀ ਨਾਲ ਅੱਗੇ ਵੱਲ ਨੂੰ ਵੱਧ ਰਿਹਾ ਹੈ ਤੇ ਦਰਸ਼ਕਾਂ ਲਈ ਨਵੇਂ ਨਵੇਂ ਵਿਸ਼ੇ ਤੇ ਤਿਆਰ ਫਿਲਮਾਂ ਲੈ ਕੇ ਆ ਰਿਹਾ ਹੈ।ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿ਼ਸ਼ਆਂ ਵਾਲੀਆਂ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ।ਇਸੇ ਰੁਝਾਨ ਤਹਿਤ ਇੱਕ ਵੱਖਰੇ ਵਿਸ਼ੇ ਤੇ ਬਣ ਕੇ ਤਿਆਰ ਹੋਈ ਫ਼ਿਲਮ 'ਸ਼ਿੰਦਾ-ਸ਼ਿੰਦਾ ਨੋ ਪਾਪਾ' 10 ਮਈ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਜੋ ਕਿ ਪਿਉ ਪੁੱਤ ਦੀਆਂ ਦਿਲਚਸਪ ਸ਼ਰਾਰਤੀ ਘਟਨਾਵਾਂ 'ਤੇ ਅਧਾਰਤ ਹੈ। ਜਿਸ ਵਿਚ ਗਿੱਪੀ ਗਰੇਵਾਲ ਅਤੇ ਉਸਦਾ ਬੇਟਾ ਸ਼ਿੰਦਾ ਗਰੇਵਾਲ ਮੁੱਖ ਕਿਰਦਾਰਾਂ ਵਿੱਚ ਨਜ਼ਰ ਆਉਣਗੇ।ਸ਼ਿੰਦਾ ਨੇ ਛੋਟੀ ਉਮਰ ਤੋਂ ਹੀ ਫਿਲਮਾਂ ਵਿੱਚ ਆਪਣੀ ਅਦਾਕਾਰੀ ਦਾ ਜਲਵਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਉਸ ਦੇ ਕਿਊਟਨੇਸ ਨੂੰ ਫੈਨਜ਼ ਵੱਲੋਂ ਵੀ



ਬੇਹੱਦ ਪਸੰਦ ਕੀਤਾ ਜਾ ਰਿਹਾ ਹੈ।ਫ਼ਿਲਮ ਦੀ ਕਹਾਣੀ ਸ਼ਿੰਦਾ ਦੀ ਹੈ, ਜੋ ਇੱਕ ਸ਼ਰਾਰਤੀ ਬੱਚਾ ਹੈ ਅਤੇ ਆਪਣੇ ਪਿਤਾ ਦਾ ਜੀਵਨ ਮੁਸ਼ਕਿਲ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਦਾ। ਇਹ ਫ਼ਿਲਮ ਸ਼ਰਾਰਤੀ ਬੱਚਿਆਂ ਦੁਆਲੇ ਘੁੰਮਦੀ ਹੈ ਜੋ ਕਈ ਵਾਰ ਭਰੀ ਮਹਿਫ਼ਲ ਵਿਚ ਆਪਣੀਆਂ ਅਜ਼ੀਬ ਹਰਕਤਾਂ ਨਾਲ ਮਾਹੌਲ ਨੂੰ ਹਾਸੇ ਦਾ ਤਮਾਸ਼ਾ ਬਣਾ ਦਿੰਦੇ ਹਨ।ਪਿਓ-ਪੁੱਤ ਦੀ ਜੋੜੀ ਪਹਿਲੀ ਵਾਰ ਵੱਡੇ ਪਰਦੇ 'ਤੇ ਆਪਣੀ ਨੋਕ-ਝੋਕ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰਨ ਲਈ ਤਿਆਰ ਹੈ। ਇਸ ਫਿਲਮ ਵਿੱਚ ਪਿਓ-ਪੁੱਤ ਦੀ ਮਜ਼ੇਦਾਰ ਜੁਗਲਬੰਦੀ ਨੂੰ ਦੇਸੀ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ।'ਬਿੱਗ ਬੌਸ ਸੀਜ਼ਨ-11' ਦੀ ਮੁਕਾਬਲੇਬਾਜ਼ ਹਿਨਾ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ।ਇਸ ਫ਼ਿਲਮ 'ਚ ਹਿਨਾ ਖ਼ਾਨ ਸ਼ਿੰਦਾ ਦੀ ਮਾਂ ਦੇ ਕਿਰਦਾਰ 'ਚ ਨਜ਼ਰ ਆ ਰਹੀ ਹੈ।ਇਸ ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨਪਲੇਅ ਨਰੇਸ਼ ਕਥੂਰੀਆ ਨੇ ਲਿ਼ਖਿਆ ਹੈ। ਫ਼ਿਲਮ ਅਮਰਪ੍ਰੀਤ ਜੀ. ਐੱਸ. ਛਾਬੜਾ ਦੇ ਨਿਰਦੇਸ਼ਨ ਹੇਠ ਬਣੀ ਹੈ ਅਤੇ ਫ਼ਿਲਮ ਦੇ ਨਿਰਮਾਤਾ ਗਿੱਪੀ ਗਰੇਵਾਲ, ਰਵਨੀਤ ਕੌਰ ਗਰੇਵਾਲ, ਬਿਕਰਮ ਮਹਿਰਾ ਅਤੇ ਸ਼ਿਧਾਰਤ ਆਨੰਦ ਕੁਮਾਰ ਹਨ। ਹੰਬਲ ਮੋਸ਼ਨ ਪਿਕਚਰਜ਼ ਅਤੇ ਸਾਰੇਗਾਮਾ ਦੀ ਪੇਸ਼ਕਸ ਇਸ ਫ਼ਿਲਮ ਵਿੱਚ ਗਿੱਪੀ ਗਰੇਵਾਲ, ਹੀਨਾ ਖ਼ਾਨ ਅਤੇ ਸ਼ਿੰਦਾ ਗਰੇਵਾਲ ਤੋਂ ਇਲਾਵਾ ਗਿੱਪੀ ਗਰੇਵਾਲ, ਸ਼ਿੰਦਾ ਗਰੇਵਾਲ, ਹਿਨਾ ਖ਼ਾਨ, ਪ੍ਰਿੰਸ ਕੰਵਲਜੀਤ ਸਿੰਘ, ਜਸਵਿੰਦਰ ਭੱਲਾ, ਨਿਰਮਲ ਰਿਸ਼ੀ, ਗੁਰੀ ਘੁੰਮਣ, ਰਘਵੀਰ ਬੋਲੀ, ਹਰਦੀਪ ਗਿੱਲ, ਸੀਮਾ ਕੌਸ਼ਲ, ਹਰਿੰਦਰ ਭੁੱਲਰ ਅਤੇ ਏਕੋਮ ਗਰੇਵਾਲ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ।'ਸ਼ਿੰਦਾ ਸ਼ਿੰਦਾ ਨੋ ਪਾਪਾ' 10 ਮਈ ਨੂੰ ਸਿਨੇਮਾਘਰਾਂ 'ਚ ਦਸਤਕ ਦੇਣ ਜਾ ਰਹੀ ਹੈ। ਜਿਸ ਨੂੰ ਵੇਖਣ ਲਈ ਫੈਨਜ਼ ਕਾਫੀ ਉਤਸ਼ਾਹਿਤ ਹਨ ਤੇ ਬੜੀ ਹੀ ਬੇਸਬਰੀ ਨਾਲ ਇਸ ਫਿਲਮ ਦੀ ਰਿਲੀਜ਼ ਹੋਣ ਦੀ ਉਡੀਕ ਕਰ ਰਹੇ ਹਨ।

## ਛੇੜ ਇਸ਼ਕ ਦੀ

ਛੇੜ ਇਸ਼ਕ ਦੀ ਤਾਰ ਵੇ ਸੱਜਣਾ ,

ਆਜਾ ਕਰ ਲੈ ਪਿਆਰ ਵੇ ਸੱਜਣਾ ।

ਕਾਤੋ ਰੁਸਿਆ ਰੁਸਿਆ ਰਹਿਣਾ ,

ਕਿਹੜੀ ਗੱਲੋਂ ਟੁਟ ਟੁਟ ਪੈਣਾ ,

ਕਰ ਨੈਣਾਂ ਦੇ ਮਿੱਠੇ ਵਾਰ ਵੇ ਸੱਜਣਾ।

ਆਜਾ ਕਰ ਲੈ......................

ਕੱਢਦੇ ਦਿਲ ਦੇ ਭਰਮ ਭੁਲੇਖੇ ,

ਲੱਗ ਜਾਣਗੇ ਦੁਖ ਦੇ ਸੇਕੇ ,

ਕੱਲਾ ਬਹਿ ਬਹਿ ਨਾ ਛਾੜ ਵੇ ਸੱਜਣਾ।

ਆਜਾ ਕਰ ਲੈ......................

'ਸ਼ਿਵ' ਦਿਲ ਵੀ ਤੇਰਾ ਰੂਹ ਵੀ ਤੇਰੀ ,

ਢਾਹ ਕੇ ਬੈਠਾ ਕਿਉ ਤੂੰ ਢੇਰੀ ,

ਵੱਜ ਜਾਊ ਬਿਰਹੋ ਦੀ ਮਾਰ ਵੇ ਸੱਜਣਾ ।

ਆਜਾ ਕਰ ਲੈ........................




ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

## ਧੀਆਂ ਪੁੱਤਰ

ਧੀਆਂ ਪੁੱਤਰ ਇੱਕ ਜੈਸੇ ਨੇ, ਇਹ ਦਾਤੇ ਦੀ ਮਾਇਆ।

ਇਹ ਓਹਦੀ ਕਿਰਪਾ ਕਰਕੇ ਨੇ, ਜਿਸ ਸੰਸਾਰ ਵਿਖਾਇਆ।

ਫਰਕ ਕਰੋ ਨਾ ਧੀ-ਪੁੱਤਰ ਵਿੱਚ, ਦੋਵੇਂ ਓਸ ਬਣਾਏ।

ਜੇ ਮਾਲਕ ਮਿਹਰਾਮਤ ਕੀਤੀ, ਤਾਂ ਧਰਤੀ ਤੇ ਆਏ।

ਧੀ-ਪੁੱਤਰ ਨੂੰ ਸਾਰੇ ਮਾਪੇ, ਇੱਕੋ ਲਾਡ ਲਡਾਈਏ।

ਖਾਣ-ਪੀਣ ਹੋਵੇ ਇੱਕ ਜੈਸਾ, ਗੋਦੀ ਵਿੱਚ ਖਿਡਾਈਏ।

ਪੁੱਤਰ ਨੇ ਨਾ ਵੰਸ ਵਧਾਉਣਾ, ਧੀ ਨਾ ਕੋਈ ਪਰਾਈ।

ਜੇ ਪੁੱਤਰ ਤੇ ਜਾਨ ਛਿੜਕੀਏ, ਧੀ ਵੀ ਹੈ ਮਾਂ ਜਾਈ।

ਮਾਂ ਤੇ ਪਿਓ ਦਾ ਫ਼ਰਜ਼, ਦੁਹਾਂ ਨੂੰ ਇੱਕੋ ਜੇਹਾ ਜਾਣਨ।

ਇੱਕੋ ਜੇਹਾ ਪਿਆਰ ਮਿਲੇ, ਤੇ ਸੁਖ ਖ਼ੁਸ਼ੀਆਂ ਨੂੰ ਮਾਣਨ।

ਸਾਡਾ ਸਭ ਦਾ ਫ਼ਰਜ਼ ਇਹੋ, ਧੀ-ਪੁੱਤ ਦਾ ਫ਼ਰਕ ਮਿਟਾਈਏ।

ਭੇਦ ਤੇ ਭਾਵ ਮਿਟਾ ਕੇ, ਚੰਗੇ ਸੰਸਕਾਰ ਅਪਣਾਈਏ।




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ